


www.Punjablibrary.com

# ਬਲਬ (ਭਾਗ ਤੀਜਾ)

ਟਿਰਨ - ਟਿਰਨ.... ਫੋਨ ਦੀ ਬੈੱਲ ਵੱਜੀ। ਯੋਗੀ ਨੇ ਆਪਣੀ ਜੇਬ ਵਿੱਚੋਂ ਮੋਬਾਇਲ ਕੱਢਿਆ ਤੇ ਚੁੱਕ ਕੇ ਬੋਲਿਆ..

ਯੋਗੀ - ਹਾਂਜੀ ਵੀਰ ਜੀ।

ਸ਼ਹਿਬਾਜ - ਕਿੰਨਾ ਕੁ ਸਮਾਂ ਲੱਗੂ ਅਜੇ?

ਯੋਗੀ - ਮੈਨੂੰ ਲੱਗਦਾ ਮੈਨੂੰ ਕਾਫੀ ਸਮਾਂ ਲੱਗੂ। ਕੰਮ ਅਜੇ ਕਾਫੀ ਪਿਆ ਏ।

ਸ਼ਹਿਬਾਜ - ਬੱਚੇ ਉਡੀਕ ਕਰ ਰਹੇ ਨੇ। ਕਹਿੰਦੇ ਤੁਹਾਡੇ ਆਉਣ ਤੇ ਹੀ ਕੇਕ ਕੱਟਾਂਗੇ।

ਯੋਗੀ - ਤੁਸੀਂ ਮਨਾਓ ਬੱਚੇ ਦਾ ਜਨਮਦਿਨ ਵੀਰੇ। ਮੈਨੂੰ ਦੇਰੀ ਹੋ ਜਾਵੇਗੀ। ਹੋਰ ਵੀ ਕਹਾਣੀਆਂ ਆਈਆਂ ਹੋਈਆਂ ਨੇ ਇਨ੍ਹਾਂ ਕੋਲ ਇਸ ਲਈ ਚੋਣ ਕਰਨ ਵਿੱਚ ਵਕਤ ਲੱਗੇਗਾ। ਜਦੋਂ ਤੱਕ ਮੈਂ ਪੁੱਜਣਾ ਤੱਦ ਤੱਕ ਸਭ ਸੌਂ ਜਾਣਗੇ। ਮੇਰੀ ਉਡੀਕ ਨਾ ਕਰੋ। ਤੁਸੀਂ ਮਨਾਓ ਬੱਚਿਆਂ ਨਾਲ ਜਨਮਦਿਨ।

ਸ਼ਹਿਬਾਜ - ਠੀਕ ਆ ਵੀਰੇ। ਫਿਰ ਵੀ ਕੋਸ਼ਿਸ ਕਰਿਓ ਕਿ ਜਿਆਦਾ ਦੇਰ ਨਾ ਹੋਵੇ।

ਯੋਗੀ - ਹਾਂਜੀ ਵੀਰ ਜੀ। ਮੈਂ ਜਲਦ ਤੋਂ ਜਲਦ ਆਉਣ ਦੀ ਕੋਸ਼ਿਸ ਕਰਾਂਗਾ।

ਸ਼ਹਿਬਾਜ - ਚੰਗਾ ਵੀਰੇ ਆਜੋ ਫਿਰ ਜਲਦੀ।

ਯੋਗੀ - ਚੰਗਾ ਵੀਰ ਜੀ।

ਏਨਾ ਕਹਿਣ ਉਪਰਾਂਤ ਯੋਗੀ ਨੇ ਫੋਨ ਬੰਦ ਕਰ ਦਿੱਤਾ। ਦਰਅਸਲ ਯੋਗੀ ਆਪਣੀਆਂ ਕੁਝ ਨਵੀਆਂ ਕਹਾਣੀਆਂ ਲੈ ਕੇ ਕਿਸੇ ਅਖਬਾਰਾਂ ਛਪਾਉਣ ਵਾਲੀ ਫੈਕਟਰੀ ਵਿੱਚ ਆਇਆ ਹੋਇਆ ਸੀ। ਜਿੱਥੇ ਉਸ ਦੀਆਂ ਕਹਾਣੀਆਂ ਤੇ ਹੋਰਾਂ ਦੀਆਂ ਕਹਾਣੀਆਂ ਦੀ ਚੋਣ ਕੀਤੀ ਜਾ ਰਹੀ ਸੀ। ਜਿਸ ਕਾਰਨ ਉਸ ਨੂੰ ਦੇਰ ਹੋ ਰਹੀ ਸੀ।

ਓਧਰ ਸ਼ਹਿਬਾਜ ਦੇ ਘਰ ਉਸਦੀ ਬੇਟੀ ਆਸ਼ਾ ਦਾ ਜਨਮਦਿਨ ਸੀ। ਜਿਸ ਨੂੰ ਮਨਾਉਣ ਲਈ ਉਹ ਯੋਗੀ ਦੀ ਉਡੀਕ ਕਰ ਰਹੇ ਸਨ। ਪਰ ਕੰਮ ਵਿੱਚ ਵਿਅਸਤ ਹੋਣ ਕਾਰਨ ਯੋਗੀ ਸਮੇਂ ਸਿਰ ਪਹੁੰਚ ਨਹੀਂ ਸੀ ਸਕਦਾ। ਜਨਮਦਿਨ ਮਨਾਉਣ ਲਈ ਸਿਰਫ ਸ਼ਹਿਬਾਜ ਦਾ ਹੀ ਪਰਿਵਾਰ ਸੀ ਬਾਹਰੋਂ ਕੋਈ ਵੀ ਮੈਂਬਰ ਨਹੀਂ ਸੀ। ਸ਼ਹਿਬਾਜ ਯੋਗੀ ਨਾਲ ਗੱਲ ਬੰਦ ਕਰ ਸੋਫੇ ਤੇ ਬੈਠ ਗਿਆ। ਜਿੱਥੇ ਉਸ ਦੀ ਮਾਂ, ਭੈਣ ਨੇਹਾ, ਬੇਟਾ ਸੁੱਖਮਨ, ਬੇਟੀ ਆਸ਼ਾ ਤੇ ਕੋਮਲ ਵੀ ਬੈਠੇ ਹੋਏ ਸਨ। ਸ਼ਹਿਬਾਜ ਦੀ ਪਤਨੀ ਰਸੋਈ ਵਿੱਚ ਕੇਕ ਦੀ ਤਿਆਰੀ ਵਿੱਚ ਵਿਅਸਤ ਸੀ। ਸ਼ਹਿਬਾਜ ਨੇ ਅਵਾਜ਼ ਲਗਾਈ...

ਸ਼ਹਿਬਾਜ - ਲੈ ਆਓ ਭਾਈ ਕੇਕ ਹੁਣ, ਭੁੱਖ ਬਹੁਤ ਲੱਗੀ ਆ।

ਦੋ - ਚਾਰ ਮਿੰਟ ਪਿੱਛੋਂ ਸ਼ਹਿਬਾਜ ਦੀ ਪਤਨੀ ਰਸੋਈ ਵਿੱਚੋਂ ਕੇਕ ਲੈ ਬਾਹਰ ਆ ਗਈ ਤੇ ਕੇਕ ਲਿਆ ਮੇਜ ਤੇ ਰੱਖ ਦਿੱਤਾ। ਸਭ ਆਸ ਪਾਸ ਆ ਗਏ। ਆਸ਼ਾ ਬੋਲੀ..

ਆਸ਼ਾ - ਮੰਮੀ ਮੋਮਬੱਤੀਆਂ ਨਹੀਂ ਜਗਾਈਆਂ।

ਰਮਨ - ਰੁਕੋ ਬੇਟਾ ਜਗਾਉਂਦੇ ਆ।

ਅਜੇ ਇਹੀ ਕਹਿਣ ਦੀ ਦੇਰ ਸੀ ਕਿ ਘਰ ਦੀ ਬੱਤੀ ਬੰਦ ਹੋ ਗਈ ਤਾਂ ਸ਼ਹਿਬਾਜ ਬੋਲਿਆ..

ਸ਼ਹਿਬਾਜ - ਹੁਣ ਇਹ ਬੱਤੀ ਨੂੰ ਕੀ ਬਿਮਾਰੀ ਪੈ ਗਈ?

ਰਮਨ - ਦੇਖਿਉ ਜਰਾ.. ਆਪਣੇ ਬੰਦ ਹੋਈ ਜਾਂ ਫਿਰ ਕਿਸੇ ਹੋਰ ਦੀ ਵੀ?

ਸ਼ਹਿਬਾਜ - ਦੇਖਦਾ ਹਾਂ।

ਰਮਨ - ਕੋਮਲ ਬੇਟਾ ਉਹ ਅਲਮਾਰੀ ਵਾਲੀਆਂ ਵੱਢੀਆਂ ਮੋਮਬੱਤੀਆਂ ਜਗਾ ਦੇ।

ਕੋਮਲ ਉੱਠੀ ਤੇ ਦੋ ਮੋਮਬੱਤੀਆਂ ਜਲਾ ਦਿੱਤੀਆਂ। ਘਰ ਵਿੱਚ ਰੋਸ਼ਨੀ ਹੋ ਗਈ। ਸ਼ਹਿਬਾਜ ਉੱਠਿਆ ਤੇ ਬਾਰੀ ਰਾਹੀ ਦੇਖਿਆ ਕਿ ਸਭ ਦੇ ਘਰ ਬੱਤੀ ਜਗ ਰਹੀ ਸੀ ਸਿਵਾਏ ਉਨ੍ਹਾਂ ਦੇ ਘਰ ਦੇ। ਉਸ ਨੇ ਕਿਹਾ..

ਸ਼ਹਿਬਾਜ - ਬਾਕੀ ਤਾਂ ਸਭ ਦੇ ਬੱਤੀ ਆ ਰਹੀ ਹੈ ਫਿਰ ਆਪਣੀ ਕਿਉਂ ਨਹੀਂ ਆ ਰਹੀ?

ਰਮਨ - ਮੀਟਰ ਵੱਲ ਦੇਖਿਓ ਜਰਾਂ। ਹੋ ਸਕਦਾ ਫਿਊਜ਼ ਉੱਡ ਗਿਆ ਹੋਵੇ।

ਸ਼ਹਿਬਾਜ - ਦੇਖਦਾ ਹਾਂ।

ਸ਼ਹਿਬਾਜ ਘਰ ਦੀ ਬੱਤੀ ਠੀਕ ਕਰਨ ਲਈ ਬਾਹਰ ਚਲਾ ਗਿਆ ਤੇ ਫੋਨ ਦੀ ਟਾਰਚ ਨਾਲ ਦੇਖਿਆ ਤਾਂ ਫਿਊਜ਼ ਨਿਕਲਿਆ ਹੋਇਆ ਸੀ। ਉਸ ਨੇ ਫੜ ਕੇ ਫਿਊਜ਼ ਲਗਾ ਦਿੱਤਾ। ਘਰ ਵਿੱਚ ਬੱਤੀ ਚੱਲ ਪਈ। ਉਸਨੇ ਮੁੜ ਕੇ ਦੇਖਿਆ ਤਾਂ ਕੋਲ ਹੀ ਇੱਕ ਆਦਮੀ ਬੰਦੂਕ ਫੜੀ ਖਲੋਤਾ ਸੀ। ਉਸਨੇ ਬੰਦੂਕ ਸ਼ਹਿਬਾਜ ਦੇ ਸੀਨੇ ਤੇ ਰੱਖੀ ਤੇ ਅੰਦਰ ਚੱਲਣ ਨੂੰ ਕਿਹਾ। ਅੰਦਰ ਜਾਂਦੇ ਸਾਰ ਸਭ ਨੇ ਸ਼ਹਿਬਾਜ ਤੇ ਬੰਦੂਕ ਤਣੀ ਦੇਖ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਫਿਰ ਜਲਦੀ ਨਾਲ ਹੋਰ ਵੀ ਹਥਿਆਰਬੰਦ ਆਦਮੀ ਅੰਦਰ ਦਾਖਿਲ ਹੋ ਗਏ। ਉਨ੍ਹਾਂ ਸਭ ਨੂੰ ਡਰਾਉਣਾ ਸ਼ੁਰੂ ਕਰ ਦਿੱਤਾ। ਘਰਦਿਆਂ ਨੇ ਏਧਰ - ਓਧਰ ਭੱਜਣ ਦੀ ਕੋਸ਼ਿਸ ਕੀਤੀ ਪਰ ਨਾਕਾਮ ਰਹੇ। ਹਥਿਆਰਬੰਦ ਆਦਮੀਆਂ ਦੇ ਡਰਾਉਣ ਕਾਰਨ ਸਭ ਸਹਿਮ ਕੇ ਬੈਠ ਗਏ। ਉਨ੍ਹਾਂ ਸਭ ਦੇ ਹੱਥ ਪੈਰ ਬੰਨ ਦਿੱਤੇ ਤੇ ਬਾਕੀ ਸਾਰੇ ਘਰ ਦੀ ਤਲਾਸ਼ੀ ਕਰਨ ਲੱਗੇ। ਮੌਤ ਦੇ ਡਰ ਕਾਰਨ ਸਭ ਦੇ ਮੂੰਹ ਬੰਦ ਹੋ ਗਏ। ਤੇ ਸਭ ਸ਼ਾਂਤ ਬੈਠ ਗਏ। ਸ਼ਹਿਬਾਜ ਬਚਾਅ ਲਈ ਕਿਸੇ ਵੀ ਤਰਾਂ ਦੀ ਕੋਸ਼ਿਸ ਕਰਨ ਵਿੱਚ ਅਸਮਰੱਥ ਸੀ। ਕਰੀਬ ਦਸ - ਪੰਦਰਾਂ ਮਿੰਟ ਬੀਤ ਗਏ। ਸ਼ਾਇਦ ਉਹ ਕਿਸੇ ਦੀ ਉਡੀਕ ਕਰ ਰਹੇ ਸਨ। ਫਿਰ ਅਚਾਨਕ ਇੱਕ ਬਹੁਤ ਮਹਿੰਗੀ ਗੱਡੀ ਆਈ। ਅਗਲੀ ਬਾਰੀ ਵੱਲੋਂ ਇੱਕ ਹੱਟਾ - ਕੱਟਾ ਆਦਮੀ ਉੱਤਰਿਆ ਤੇ ਉਸਨੇ ਜਲਦੀ ਨਾਲ ਗੱਡੀ ਦੀ

ਪਿਛਲੀ ਬਾਰੀ ਖੋਲ੍ਹੀ। ਉਸ ਚੋ' ਇੱਕ ਅੱਧ - ਖੜ ਉਮਰ ਦੀ ਜਨਾਨੀ ਹੇਠਾਂ ਉੱਤਰੀ। ਦੂਸਰੀ ਬਾਰੀ ਰਾਹੀਂ ਇੱਕ ਹੋਰ ਜਨਾਨੀ ਉੱਤਰੀ। ਇੱਕ ਨੇ ਬਹੁਤ ਮਹਿੰਗੀ ਸਾੜੀ ਲਾਈ ਹੋਈ ਸੀ ਤੇ ਹੱਦ ਤੋਂ ਪਰੇ ਸ਼ਿੰਗਾਰ ਕੀਤਾ ਹੋਇਆ ਸੀ। ਦੂਸਰੀ ਨੇ ਕੋਈ ਬਾਹਲਾ ਸ਼ਿੰਗਾਰ ਨਹੀਂ ਸੀ ਕੀਤਾ। ਜੋ ਉਨ੍ਹਾਂ ਚੋ' ਪ੍ਰਮੁੱਖ ਲੱਗ ਰਹੀ ਸੀ ਮੂੰਹ ਵਿੱਚ ਪਾਨ ਚਬਾਉਂਦੀ ਹੋਈ ਸਿੱਧੀ ਕੋਮਲ ਵੱਲ ਵਧੀ। ਹਥਿਆਰਬੰਦ ਆਦਮੀ ਪਿਛਾਂਹ ਹੱਟ ਗਏ। ਉਸਨੇ ਕੋਮਲ ਦਾ ਮੂੰਹ ਠੋਡੀ ਤੋਂ ਆਪਣੇ ਹੱਥ ਨਾਲ ਫੜਿਆ ਤੇ ਜੋਰ ਨਾਲ ਘੁੱਟਿਆ ਤੇ ਬੜੀ ਠਾਠ ਭਰੀ ਅਵਾਜ਼ ਵਿੱਚ ਬੋਲੀ..

ਔਰਤ - ਕੀ ਸੋਚਦੀ ਸੀ ਜਾਨਕਾ ਬਾਈ ਦੇ ਹੱਥੋਂ ਭੱਜ ਸਕੇਗੀ। ਦੇਖ ਲਿਆ ਭੱਜ ਕੇ।

ਫਿਰ ਉਸਨੇ ਮੂੰਹ ਨੂੰ ਹੱਥ ਨਾਲ ਘੁੱਟਿਆ ਤੇ ਗੁੱਸੇ ਨਾਲ ਛੱਡ ਦਿੱਤਾ ਤੇ ਸਭ ਵੱਲ ਵੇਖਦੀ ਹੋਈ ਜਾ ਕੇ ਸੋਫੇ ਤੇ ਬੈਠ ਗਈ। ਮੇਜ ਤੇ ਪਏ ਕੇਕ ਨੂੰ ਚਾਕੂ ਨਾਲ ਕੱਟਿਆ ਤੇ ਮੂੰਹ ਵਿੱਚੋਂ ਪਾਨ ਥੁੱਕ ਕੇਕ ਖਾਣ ਲੱਗੀ। ਤੇ ਬੋਲੀ...

ਜਾਨਕਾ ਬਾਈ - ਬੱਸ ਇਹੀ ਨੇ ਘਰ ਵਿੱਚ ਜਾਂ ਕੋਈ ਹੋਰ ਵੀ ਆ?

ਇੱਕ ਆਦਮੀ ਬੋਲਿਆ..

ਆਦਮੀ - ਬਸ ਇਹੀ ਨੇ ਜਾਨਕਾ ਬਾਈ ਜੀ।

ਜਾਨਕਾ ਬਾਈ - ਪਛਾਣ ਨੀ ਵੰਦਨਾ। ਇਹੀ ਆ ਉਹ ਬੰਦਾ ਜਿਹੜਾ ਇਸ ਕਾੜੀ ਨੂੰ ਭਜਾ ਕੇ ਲੈ ਗਿਆ ਸੀ?

ਦੂਸਰੀ ਔਰਤ ਅੱਗੇ ਵਧੀ ਤੇ ਸ਼ਹਿਬਾਜ ਵੱਲ ਦੇਖ ਕੇ ਜਾਨਕਾ ਬਾਈ ਦੇ ਡਰ ਕਾਰਨ ਕਿਹਾ..

ਵੰਦਨਾ - ਜੀ ਜਾਨਕਾ ਬਾਈ ਜੀ।

ਸ਼ਹਿਬਾਜ ਸਮਝ ਗਿਆ ਕਿ ਇਹ ਕੋਮਲ ਦੇ ਕਾਰਨ ਇੱਥੇ ਆਏ ਨੇ। ਉਸਨੇ ਸੱਚ ਨਾ ਦੱਸਿਆ ਕਿ ਉਹ ਓ ਆਦਮੀ ਨਹੀਂ ਹੈ ਜੋ ਕੋਮਲ ਭਜਾ ਕੇ ਲਿਆਇਆ ਸੀ। ਉਹ ਤਾਂ ਦਰਅਸਲ ਯੋਗੀ ਹੈ। ਜਿਹੜਾ ਉਸ ਵਕਤ ਉੱਥੇ ਮੌਜੂਦ ਨਹੀਂ ਸੀ। ਸ਼ਹਿਬਾਜ ਸ਼ਾਂਤ ਰਿਹਾ ਤੇ ਕੁਝ ਨਾ ਬੋਲਿਆ ਤੇ ਸਭ ਵੱਲ ਇਸ਼ਾਰਾ ਕਰ ਦਿੱਤਾ ਕਿ ਕੋਈ ਸੱਚ ਨਾ ਕਹੇ।

ਵੰਦਨਾ ਦੇ ਪਹਿਚਾਣ ਕਰਦੇ ਸਾਰ ਹੀ ਜਾਨਕਾ ਬਾਈ ਨੇ ਆਪਣੇ ਆਦਮੀ ਵੱਲ ਹੱਥ ਨਾਲ ਇਸ਼ਾਰਾ ਕੀਤਾ ਤੇ ਉਸਨੇ ਤੁਰੰਤ ਹੀ ਵੰਦਨਾ ਨੂੰ ਗੋਲੀ ਮਾਰ ਦਿੱਤੀ। ਗੋਲੀ ਵੱਜਦੇ ਸਾਰ ਉਹ ਹੇਠਾਂ ਡਿੱਗ ਪਈ ਤੇ ਸਭ ਨੇ ਚੀਕਾਂ ਮਾਰਨੀਆ ਸ਼ੁਰੂ ਕਰ ਦਿੱਤੀਆਂ। ਜਾਨਕਾ ਬਾਈ ਨੇ ਜੋਰ ਨਾਲ ਸਭ ਨੂੰ ਧਮਕਾਇਆ ਤੇ ਸਭ ਸ਼ਾਂਤ ਹੋ ਗਏ। ਫਿਰ ਜਾਨਕਾ ਬਾਈ ਬੋਲੀ..

ਜਾਨਕਾ ਬਾਈ - ਕੁੜੀ ਨੂੰ ਚੁੱਕੋ ਤੇ ਗੱਡੀ ਚ' ਸੁੱਟੋ, ਬਾਕੀਆਂ ਨੂੰ ਗੋਲੀ ਮਾਰ ਦੋ।

ਦੋ ਆਦਮੀ ਕੋਮਲ ਵੱਲ ਵਧੇ ਤੇ ਜ਼ਬਰਦਸਤੀ ਗੱਡੀ ਵੱਲ ਲਿਜਾਣ ਲੱਗ ਪਏ। ਜਾਨਕਾ ਬਾਈ ਬਾਹਰ ਜਾਣ ਲੱਗੀ ਤੇ ਦੋ - ਚਾਰ ਕਦਮ ਪੁੱਟਣ ਪਿੱਛੋਂ ਰੁਕ ਗਈ ਤੇ ਪਿੱਛੇ ਮੁੜ ਦੇਖਿਆ। ਫਿਰ ਨੇਹਾ ਵੱਲ ਵਧੀ ਤੇ ਗੌਰ ਨਾਲ ਦੇਖ ਹੱਥ ਤੇ ਹੱਥ ਮਾਰ ਜੋਰ - ਜੋਰ ਨਾਲ ਹੱਸਣ ਲੱਗੀ ਤੇ ਬੋਲੀ..

ਜਾਨਕਾ ਬਾਈ - ਸੱਚ ਹੀ ਕਹਿੰਦੇ ਨੇ ਲੋਕ। ਜਦੋਂ ਖੁਦਾ ਦੇਂਦਾ ਤਾਂ ਛੱਪੜ ਫਾੜ ਕੇ ਦੇਂਦਾ ਹੈ। ਧੀ ਦੇ ਨਾਲ - ਨਾਲ ਅੱਜ ਮਾਂ ਵੀ ਆਪੇ ਮਿਲ ਗਈ।

ਫਿਰ ਕਦੇ - ਕਦੇ ਕੋਮਲ ਵੱਲ ਦੇਖਦੀ ਤੇ ਕਦੇ ਨੇਹਾ ਵੱਲ। ਤੇ ਮੁੜ ਉੱਚੀ - ਉੱਚੀ ਹੱਸਣ ਲੱਗੀ।

ਸਭ ਨੂੰ ਸਮਝ ਆ ਗਿਆ ਕਿ ਕੋਮਲ ਨੇਹਾ ਦੀ ਹੀ ਧੀ ਹੈ। ਕੋਮਲ ਨੇਹਾ ਵੱਲ ਮਾਂ ਦੇ ਪਿਆਰ ਦੀ ਭੁੱਖ ਭਰੀ ਨਜ਼ਰ ਨਾਲ ਦੇਖਣ ਲੱਗੀ ਤੇ ਆਦਮੀਆਂ ਕੋਲੋ ਆਪਣੇ ਆਪ ਨੂੰ ਛਡਾਉਣ ਦੀ ਜੱਦੋ - ਜਹਿਤ ਕਰਨ ਲੱਗੀ। ਪਰ ਵੱਸ ਨਾ ਚੱਲੀ। ਨੇਹਾ ਨੂੰ ਕੁਝ ਆਭਾਸ ਨਹੀਂ ਸੀ ਕਿ ਹੋ ਕੀ ਰਿਹਾ ਹੈ। ਸ਼ਾਇਦ ਉਹ ਅਜੇ ਵੀ ਸੱਦਮੇ ਵਿੱਚ ਸੀ। ਜਾਨਕਾ ਬਾਈ ਬੋਲੀ..

ਜਾਨਕਾ ਬਾਈ - ਏਨੂੰ ਵੀ ਸੁੱਟੋ ਗੱਡੀ ਚ'।

ਇਹ ਆਖ ਜਾਨਕਾ ਬਾਈ ਆਪ ਜਾ ਗੱਡੀ ਵਿੱਚ ਬੈਠ ਗਈ। ਫਿਰ ਅਚਾਨਕ ਇੱਕ ਆਦਮੀ ਨੇ ਸ਼ਹਿਬਾਜ ਦੇ ਸਿਰ ਵਿੱਚ ਗੋਲੀ ਮਾਰੀ ਤੇ ਉਹ ਉੱਥੇ ਹੀ ਡਿੱਗ ਪਿਆ। ਸ਼ਹਿਬਾਜ ਦੇ ਗੋਲੀ ਵੱਜੀ ਦੇਖ ਸਭ ਚੀਕਾਂ ਮਾਰਨ ਲੱਗ ਪਏ। ਪਰ ਉਨ੍ਹਾਂ ਦੀਆਂ ਚੀਕਾਂ ਹੋਰਾਂ ਨੂੰ ਸੁਣਨ ਤੋਂ ਪਹਿਲਾਂ ਬਾਕੀ ਆਦਮੀਆਂ ਨੇ ਇੱਕ - ਇੱਕ ਕਰ ਸ਼ਹਿਬਾਜ ਦੇ ਸਾਰੇ ਪਰਿਵਾਰ ਨੂੰ ਖਤਮ ਕਰ ਦਿੱਤਾ। ਸਿਵਾਏ ਕੋਮਲ ਤੇ ਨੇਹਾ ਦੇ। ਕੋਮਲ ਅੱਥਰੂ ਵਹਾਉਂਦੀ ਹੋਈ ਚੀਕਾਂ ਮਾਰਦੀ ਰਹੀ ਪਰ ਉਸਦੀ ਇੱਕ ਨਾ ਚੱਲੀ। ਹਥਿਆਰਬੰਦ ਆਦਮੀਆਂ ਨੇ ਨੇਹਾ ਤੇ ਕੋਮਲ ਨੂੰ ਜ਼ਬਰਦਸਤੀ ਚੁੱਕ ਗੱਡੀ ਵਿੱਚ ਸੁੱਟਿਆ ਤੇ ਰਵਾਨਾ ਹੋ ਗਏ।

ਉਧਰ ਯੋਗੀ ਨੂੰ ਇਸ ਬਾਰੇ ਕੋਈ ਖਬਰ ਨਹੀਂ ਸੀ ਕਿ ਸ਼ਹਿਬਾਜ ਦੇ ਘਰ ਕੀ ਹੋ ਗਿਆ। ਉਹ ਆਪਣੇ ਕੰਮ ਵਿੱਚ ਵਿਅਸਤ ਸੀ। ਆਪਣਾ ਕੰਮ ਸਮਾਪਤ ਕਰ ਉਹ ਕਰੀਬ ਇੱਕ ਵਜੇ ਘਰ ਪਰਤਿਆ ਤਾਂ ਦੇਖਿਆ ਕਿ ਘਰ ਦੇ ਬਾਹਰ ਬਹੁਤ ਲੋਕ ਇਕੱਠੇ ਹੋਏ ਨੇ ਤੇ ਪੁਲਿਸ ਦੀਆਂ ਗੱਡੀਆਂ ਵੀ ਸਨ। ਉਹ ਇੱਕ ਦਮ ਡਰ ਗਿਆ। ਅੱਗੇ ਹੋ ਕੇ ਦੇਖਿਆ ਤਾਂ ਅੰਦਰ ਸਿਰਫ ਖੂਨ ਹੀ ਖੂਨ ਦਿਖਾਈ ਦੇ ਰਿਹਾ ਸੀ। ਹੋਰ ਅੱਗੇ ਵਧਿਆ ਤਾਂ ਅੰਦਰ ਲਾਸ਼ਾ ਵਿਛੀਆਂ ਪਈਆਂ ਸਨ ਤੇ ਪੁਲਿਸ ਕਰਮਚਾਰੀ ਸ਼ਨਾਖਤ ਕਰ ਰਹੇ ਸਨ। ਯੋਗੀ ਇਹ ਸਭ ਦੇਖ ਡੋਲ ਗਿਆ ਤੇ ਉੱਥੇ ਹੀ ਗੋਡਿਆਂ ਭਾਰ ਬੈਠ ਉੱਚੀ - ਉੱਚੀ ਰੋਣ ਲੱਗਾ। ਉਹ ਆਪਣੀ ਹੋਸ਼ ਭੁਲਾ ਬੈਠਾ ਸੀ। ਦੋ ਪੁਲਿਸ ਅਧਿਕਾਰੀ ਉਸਦੇ ਕੋਲ ਆਏ ਜਿੰਨ੍ਹਾਂ ਵਿੱਚ ਇੱਕ ਸਿਪਾਹੀ ਤੇ ਇੱਕ ਥਾਣੇਦਾਰ ਸੀ। ਉਨ੍ਹਾਂ ਯੋਗੀ ਨੂੰ ਸੰਭਾਲਿਆ ਤੇ ਦਿਲਾਸਾ ਦਿੱਤਾ। ਥਾਣੇਦਾਰ ਨੇ ਯੋਗੀ ਨੂੰ ਅੱਥਰੂ ਸਾਫ ਕਰਨ ਲਈ ਆਪਣਾ ਰੁਮਾਲ ਕੱਢ ਕੇ ਦਿੱਤਾ। ਯੋਗੀ ਨੇ ਰੁਮਾਲ ਲਿਆ ਤੇ ਅੱਥਰੂ ਸਾਫ ਕੀਤੇ। ਥਾਣੇਦਾਰ ਨੇ ਯੋਗੀ ਨੂੰ ਉਠਾਇਆ ਤੇ ਇੱਕ ਕੁਰਸੀ ਉੱਪਰ ਬਿਠਾਇਆ। ਥਾਣੇਦਾਰ ਬੋਲਿਆ..

ਥਾਣੇਦਾਰ - ਮ੍ਰਿਤਕਾਂ ਨਾਲ ਕੀ ਰਿਸ਼ਤਾ ਸੀ ਆਪਦਾ?

ਯੋਗੀ - ਸ਼ਹਿਬਾਜ ਮੇਰਾ ਮਿੱਤਰ ਸੀ। ਭਰਾਵਾਂ ਤੋਂ ਵੀ ਵੱਧ ਕੇ। ਪਿਛਲੇ ਤਿੰਨ ਮਹੀਨੇ ਤੋਂ ਮੈਂ ਤੇ ਮੇਰੀ ਬੇਟੀ ਇੱਥੇ ਹੀ ਰਹਿ ਰਹੇ ਹਾਂ।

ਥਾਣੇਦਾਰ - ਮੈਂ ਸਮਝਦਾ ਹਾਂ ਆਪ ਦੇ ਦੁੱਖ ਨੂੰ।

ਯੋਗੀ - ਕਿਵੇਂ ਹੋਇਆ ਇਹ ਸਭ?

ਥਾਣੇਦਾਰ - ਸਾਨੂੰ ਦਸ ਕੁ ਵਜੇ ਦੇ ਕਰੀਬ ਫੋਨ ਆਇਆ ਕਿ ਇੱਕ ਘਰੋਂ ਕਾਫੀ ਗੋਲਾਬਾਰੀ ਦੀਆਂ ਅਵਾਜ਼ਾ ਆ ਰਹੀਆਂ ਨੇ। ਆ ਕੇ ਦੇਖਿਆ ਤਾਂ ਹਾਲਾਤ ਵੱਸ ਤੋਂ ਬਾਹਰ ਸਨ। ਵੈਸੇ ਉਸ ਸਮੇਂ ਆਪ ਕਿੱਥੇ ਸੀ?

ਯੋਗੀ ਨੇ ਆਪਣੇ ਬਾਰੇ ਦੱਸਿਆ ਕਿ ਉਹ ਕੋਣ ਹੈ, ਕੀ ਕਿੱਤਾ ਕਰਦਾ ਹੈ ਤੇ ਇਸ ਘਟਨਾ ਦੌਰਾਨ ਕਿੱਥੇ ਸੀ। ਥਾਣੇਦਾਰ ਨੇ ਉਸ ਨੂੰ ਹੌਂਸਲਾ ਤੇ ਮ੍ਰਿਤਕਾਂ ਬਾਰੇ ਵੇਰਵਾ ਦੇਣ ਲਈ ਕਿਹਾ। ਯੋਗੀ ਨੇ ਆਪਣੇ ਅੱਥਰੂ ਪੂੰਜੇ ਤੇ ਕੁਰਸੀ ਤੋਂ ਉੱਠ ਖੜਾ ਹੋ ਲਾਸ਼ਾ ਵੱਲ ਦੇਖਣ ਲੱਗਾ। ਇੱਕ - ਇੱਕ ਕਰ ਸਭ ਵੱਲ ਦੇਖਿਆ ਤਾਂ ਉੱਥੇ ਨਾ ਤਾਂ ਨੇਹਾ ਸੀ ਤੇ ਨਾ ਹੀ ਕੋਮਲ ਤੇ ਕਿਸੇ ਅਣਜਾਣ ਔਰਤ ਦੀ ਲਾਸ਼ ਸੀ। ਗੌਰ ਨਾਲ ਦੇਖਿਆ ਤਾਂ ਇਹ ਓਹੀ ਔਰਤ ਸੀ ਜਿਸ ਤੋਂ ਯੋਗੀ ਕੋਮਲ ਨੂੰ ਛੁਡਾ ਕੇ ਲਿਆਇਆ ਸੀ। ਪਰ ਇਹ ਸਭ ਦੇਖ ਕੇ ਹੈਰਾਨ ਸੀ ਕਿ ਇਹ ਕਿਵੇਂ ਹੋ ਸਕਦਾ। ਉਸ ਨੇ ਥਾਣੇਦਾਰ ਨੂੰ ਕੋਲਮ ਤੇ ਨੇਹਾ ਬਾਰੇ ਦੱਸਿਆ ਕਿ ਇੱਥੇ ਇੱਕ ਔਰਤ ਤੇ ਉਸਦੀ ਬੱਚੀ ਨਹੀਂ ਸਨ। ਉਸਦੇ ਕਹਿਣ ਮੁਤਾਬਿਕ ਸ਼ਾਇਦ ਕਾਤਿਲ ਉਨ੍ਹਾਂ ਨੂੰ ਨਾਲ ਲੈ ਗਏ ਸਨ। ਜੋ ਕਿ ਬਿਲਕੁਲ ਸਹੀ ਅਨੁਮਾਨ ਸੀ। ਥਾਣੇਦਾਰ ਨੇ ਯੋਗੀ ਨੂੰ ਕੋਮਲ ਤੇ ਨੇਹਾ ਦਾ ਹੁਲੀਆ ਦੱਸਣ ਲਈ ਕਿਹਾ ਤਾਂ ਜੋ ਉਨ੍ਹਾਂ ਦੀ ਭਾਲ ਕੀਤੀ ਜਾ ਸਕੇ। ਯੋਗੀ ਨੇ ਸਭ ਦੱਸਿਆ। ਫਿਰ ਕੁਝ ਚਿਰ ਪਿੱਛੋਂ ਪੁਲਿਸ ਕਰਮਚਾਰੀ ਲਾਸ਼ਾ ਨੂੰ ਮੁਲਾਜੇ ਲਈ ਲੈ ਗਏ ਯੋਗੀ ਵੀ ਨਾਲ ਹੀ ਗਿਆ। ਯੋਗੀ ਨੇ ਸਭ ਮੈਂਬਰਾ ਦੇ ਨਾਮ ਦੱਸੇ ਸਿਵਾਏ ਉਸ ਔਰਤ ਦੇ। ਫਿਰ ਸਭ ਥਾਣੇ ਪਹੁੰਚੇ। ਥਾਣੇਦਾਰ ਨੇ ਯੋਗੀ ਨੂੰ ਬੈਠਣ ਲਈ ਕਿਹਾ ਤੇ ਸਵਾਲ - ਜੁਆਬ ਕਰਨ ਲੱਗਾ।

ਥਾਣੇਦਾਰ - ਮੈਨੂੰ ਲੱਗਦਾ ਲਿਖਾਰੀ ਸਾਬ ਤੁਸੀਂ ਕੁਝ ਲੁਕਾ ਰਹੇ ਹੋ। ਬਹਿਤਰ ਰਹੇਗਾ ਅਗਰ ਸਭ ਸਹੀ - ਸਹੀ ਦੱਸੋ। ਤੁਸੀਂ ਜਿੰਨਾ ਲੁਕਾ ਰੱਖੋਂਗੇ ਸਾਨੂੰ ਉਨ੍ਹਾਂ ਨੂੰ ਲੱਭਣ ਵਿੱਚ ਓਨੀ ਤੰਗੀ ਆਵੇਗੀ।

ਯੋਗੀ ਨੇ ਸੋਚਿਆ ਥਾਣੇਦਾਰ ਸਹੀ ਬੰਦਾ ਜਾਪਦਾ ਹੈ ਹੋ ਸਕਦਾ ਉਸਦੀ ਮਦਦ ਕਰੇ ਤੇ ਫਿਰ ਬੋਲਿਆ..

ਯੋਗੀ - ਹੁਣ ਮਸਲਾ ਕਾਫੀ ਉਲਝ ਗਿਆ ਹੈ, ਮੈਨੂੰ ਲੱਗਦਾ ਸੱਚ ਦੱਸਣਾ ਸਹੀ ਰਹੇਗਾ।

ਥਾਣੇਦਾਰ - ਕੀ ਮਤਲਬ ਆਪਦਾ?

ਫਿਰ ਯੋਗੀ ਨੇ ਕੋਮਲ ਤੇ ਉਸਦੇ ਬਾਰੇ ਸਭ ਸੱਚ ਦੱਸਿਆ ਕਿ ਉਨ੍ਹਾਂ ਨਾਲ ਕੀ ਹੋਇਆ ਸੀ, ਕਿਵੇਂ ਉਹ ਕੋਮਲ ਨੂੰ ਮਿਲਿਆ। ਉਸਨੂੰ ਤਾਂ ਕੋਮਲ ਦੇ ਅਸਲ ਨਾਮ ਬਾਰੇ ਵੀ ਨਹੀਂ ਪਤਾ ਕਿਉਂਕਿ ਉਸਨੇ ਕਦੇ ਇੱਕ ਸਬਦ ਵੀ ਮੂੰਹ ਤੋਂ ਨਹੀਂ ਸੀ ਕੱਢਿਆ। ਉਸਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਹਿਬਾਜ ਘਰ ਰਹਿੰਦੇ ਹੋਏ ਕਰੀਬ ਤਿੰਨ ਮਹੀਨੇ ਹੋ ਚੁੱਕੇ ਨੇ। ਉਸਨੇ ਕੋਮਲ ਬਾਰੇ ਤਾਂ ਦੱਸਿਆ ਪਰ ਨੇਹਾ ਬਾਰੇ ਉਸਨੂੰ ਖਬਰ ਨਹੀਂ ਸੀ ਕਿ ਉਹ ਕਿਉਂ ਗਾਇਬ ਹੈ। ਥਾਣੇਦਾਰ ਨੂੰ ਸਭ ਸਮਝ ਆ ਗਿਆ ਤੇ

ਉਸਨੇ ਭਰੋਸਾ ਦਿੱਤਾ ਕਿ ਉਹ ਪੂਰੀ ਇਮਾਨਦਾਰੀ ਨਾਲ ਯੋਗੀ ਦੇ ਨਾਲ ਹੈ ਤੇ ਦਿਨ ਰਾਤ ਇੱਕ ਕਰ ਦੇਵੇਗਾ ਉਨ੍ਹਾਂ ਨੂੰ ਲੱਭਣ ਚਾ। ਯੋਗੀ ਨੇ ਥਾਣੇਦਾਰ ਦਾ ਸ਼ੁਕਰੀਆ ਕੀਤਾ।

ਓਧਰ ਜਾਨਕਾ ਬਾਈ ਕੋਮਲ, ਨੇਹਾ ਤੇ ਆਪਣੇ ਆਦਮੀਆਂ ਸਮੇਤ ਕੋਠੇ ਤੇ ਪਹੁੰਚ ਗਈ। ਉਨ੍ਹਾਂ ਜ਼ਬਰਦਸਤੀ ਦੋਨਾਂ ਨੂੰ ਗੱਡੀ ਵਿੱਚੋਂ ਕੱਢਿਆ ਤੇ ਕੋਠੇ ਵਿੱਚ ਲੈ ਗਏ। ਕੋਠੇ ਅੰਦਰ ਜਾ ਜਾਨਕਾ ਬਾਈ ਨੇ ਕਿਹਾ..

ਜਾਨਕਾ ਬਾਈ - ਇਨ੍ਹਾਂ ਦੋਨਾਂ ਮਾਵਾਂ ਧੀਆਂ ਨੂੰ ਵੱਖੋ - ਵੱਖਰੇ ਕਮਰੇ ਵਿੱਚ ਬੰਦ ਕਰ ਦੋ। ਮੈਂ ਦੇਖਦੀ ਆ ਹੁਣ ਇਹ ਕਿੱਦਾ ਭੱਜਦੀਆਂ ਨੇ।

ਇਹ ਆਖ ਉਹ ਆਪਣੇ ਕਮਰੇ ਵਿੱਚ ਚਲੀ ਗਈ। ਦੋ - ਤਿੰਨ ਔਰਤਾਂ ਆਈਆਂ ਤੇ ਨੇਹਾ ਤੇ ਕੋਮਲ ਨੂੰ ਵੱਖੋ - ਵੱਖਰੇ ਕਮਰੇ ਵਿੱਚ ਬੰਦ ਕਰ ਬਾਹਰੋਂ ਬੂਹਾ ਬੰਦ ਕਰ ਦਿੱਤਾ। ਕੋਮਲ ਚੀਕਾਂ ਮਾਰਦੀ ਰਹੀ ਪਰ ਉੱਥੇ ਉਸਦੀ ਸੁਣਨ ਵਾਲਾ ਕੋਈ ਨਹੀਂ ਸੀ। ਨੇਹਾ ਨੂੰ ਜਿਸ ਕਮਰੇ ਵਿੱਚ ਬੰਦ ਕੀਤਾ ਇਹ ਓਹੀ ਕਮਰਾ ਸੀ ਜਿੱਥੋਂ ਨੇਹਾ ਪਹਿਲਾਂ ਵੀ ਭੱਜੀ ਸੀ। ਕਮਰੇ ਵਿੱਚ ਪਹੁੰਚਣ ਤੇ ਨੇਹਾ ਦਾ ਸਿਰ ਚਕਰਾਉਣ ਲੱਗਾ ਤੇ ਉਸਦੀਆਂ ਪੁਰਾਣੀਆਂ ਯਾਦਾਂ ਤਾਜ਼ੀਆਂ ਹੋ ਗਈਆਂ। ਉਸ ਨੂੰ ਆਪਣਾ ਪਿਛਲਾ ਪਿਛੋਕੜ ਯਾਦ ਆਉਂਦੇ ਹੀ ਉਹ ਪਾਗਲਾਂ ਵਰਗਾ ਵਰਤਾਰਾ ਕਰਨ ਤੇ ਉੱਚੀ - ਉੱਚੀ ਰੋਣ ਲੱਗੀ। ਫਿਰ ਭੱਜ ਕੇ ਬੂਹੇ ਵੱਲ ਗਈ ਤਾਂ ਬੂਹਾ ਬਾਹਰੋਂ ਬੰਦ ਸੀ। ਉਹ ਬੂਹੇ ਨੂੰ ਜੋਰ - ਜੋਰ ਨਾਲ ਖੜਕਾਉਣ ਲੱਗੀ। ਜੱਦ ਕਿਸੇ ਨੇ ਨਾ ਸੁਣੀ ਤਾਂ ਥੱਕ ਹਾਰ ਬੈਠ ਗਈ ਤੇ ਉੱਚੀ - ਉੱਚੀ ਰੋਣ ਲੱਗੀ।

ਕੋਮਲ ਦਾ ਵੀ ਇਹੀ ਹਾਲ ਸੀ। ਉਹ ਆਪਣੀ ਮਾਂ ਦੇ ਪਿਆਰ ਲਈ ਤੜਫ ਰਹੀ ਸੀ। ਤੇ ਲਗਾਤਾਰ ਅੱਥਰੂ ਵਹਾ ਰਹੀ ਸੀ। ਇੱਕੋ ਜਗ੍ਹਾ ਹੁੰਦੇ ਹੋਏ ਵੀ ਉਹ ਆਪਣੀ ਮਾਂ ਨੂੰ ਮਿਲਣ ਲਈ ਪਾਬੰਧ ਸੀ।

ਏਧਰ ਮੁਲਾਜੇ ਬਾਅਦ ਯੋਗੀ ਨੇ ਉੱਥੇ ਹੀ ਬਿਜਲੀ ਨਾਲ ਹੋਣ ਵਾਲਾ ਸੰਸਕਾਰ ਕਰਵਾਇਆ ਤੇ ਅਸਥੀਆਂ ਲੈ ਸ਼ਹਿਬਾਜ ਦੇ ਘਰ ਨੂੰ ਪਰਤ ਆਇਆ। ਘਰ ਪੂਰੀ ਤਰ੍ਹਾਂ ਸੁੰਨਾ ਪਿਆ ਸੀ। ਯੋਗੀ ਨੂੰ ਅਜੇ ਵੀ ਯਕੀਨ ਨਹੀਂ ਸੀ ਹੋ ਰਿਹਾ ਕਿ ਇਹ ਕੀ ਹੋ ਗਿਆ। ਉਸਨੇ ਅਸਥੀਆਂ ਇੱਕ ਅਲਮਾਰੀ ਵਿੱਚ ਰੱਖੀਆਂ ਤੇ ਰੋਣ ਲੱਗਾ। ਫਿਰ ਕੁਝ ਚਿਰ ਬਾਅਦ ਆਪਣੇ ਆਪ ਨੂੰ ਸੰਭਾਲਿਆ ਤੇ ਘਰ ਦੀ ਸਾਫ - ਸਫਾਈ ਕੀਤੀ। ਉਪਰਾਂਤ ਨਹਾ ਧੋ ਕੇ ਗੁਰੂ ਘਰ ਚਲਾ ਗਿਆ। ਮੱਥਾ ਟੇਕਿਆ ਤੇ ਨੇਹਾ ਤੇ ਕੋਮਲ ਦੇ ਜਲਦੀ ਮਿਲ ਜਾਣ ਦੀ ਅਰਦਾਸ ਕੀਤੀ। ਫਿਰ ਕੁਝ ਸਮਾਂ ਸੇਵਾ ਕੀਤੀ ਤੇ ਲੰਗਰ ਛੱਕ ਬਾਹਰ ਆ ਗਿਆ। ਸ਼ਾਮ ਹੋ ਗਈ। ਪੈਦਲ ਹੀ ਘਰ ਨੂੰ ਚੱਲ ਪਿਆ। ਬਜ਼ਾਰ ਰਾਹੀ ਹੁੰਦਾ ਘਰ ਨੂੰ ਜਾ ਰਿਹਾ ਕਿ ਇੱਕ ਆਦਮੀ ਤੇ ਨਜ਼ਰ ਪਈ। ਉਸਨੇ ਗੌਰ ਨਾਲ ਦੇਖਿਆ ਇਹ ਤਾਂ ਓਹੀ ਹੈ ਜੋ ਕਿ ਉਨ੍ਹਾਂ ਦੇ ਭੱਜਣ ਵਕਤ ਉਸ ਬਿੰਲਡਿੰਗ ਵਿੱਚ ਉਸ ਔਰਤ ਨਾਲ ਸੀ। ਯੋਗੀ ਨੇ ਸੋਚਿਆ ਕਿ ਸ਼ਾਇਦ ਉਹ ਕੋਮਲ ਤੇ ਨੇਹਾ ਬਾਰੇ ਜਾਣਦਾ ਹੋਵੇ।

ਯੋਗੀ ਉਸ ਵੱਲ ਵਧਿਆ। ਉਸ ਆਦਮੀ ਨੇ ਯੋਗੀ ਨੂੰ ਆਪਣੇ ਵੱਲ ਆਉਂਦਾ ਦੇਖਿਆ ਤੇ ਪਛਾਣ ਲਿਆ। ਵੇਖਦੇ ਸਾਰ ਭੱਜਣ ਲੱਗਾ। ਯੋਗੀ ਵੀ ਉਸਦੇ ਪਿੱਛੇ ਦੌੜਨ ਲੱਗਾ। ਦੋਨੋਂ ਦੌੜਦੇ ਗਏ ਪਰ ਅਖੀਰ ਕਾਫੀ ਟੱਕਰਾਂ ਖਾਂਦਾ ਹੋਇਆ ਉਹ ਆਦਮੀ ਡਿੱਗ ਪਿਆ। ਯੋਗੀ ਨੇ ਉਸਨੂੰ ਕਾਬੂ ਕਰ ਲਿਆ। ਦੋਨੋਂ ਹੱਥੋ ਪਾਈ ਹੋਏ ਪਰ ਯੋਗੀ ਦੇ ਇਰਾਦੇ ਸਾਹਮਣੇ

ਉਸਨੇ ਹਾਰ ਮੰਨ ਲਈ। ਯੋਗੀ ਨੇ ਤੁਰੰਤ ਪੁਲਿਸ ਨੂੰ ਫੋਨ ਕੀਤਾ। ਕੁਝ ਪਲਾਂ ਵਿੱਚ ਹੀ ਥਾਣੇਦਾਰ ਕੁਝ ਪੁਲਿਸ ਮੁਲਾਜ਼ਮਾਂ ਸਮੇਤ ਉੱਥੇ ਪਹੁੰਚ ਗਿਆ ਤੇ ਉਸ ਆਦਮੀ ਨੂੰ ਗ੍ਰਿਫਤਾਰ ਕਰ ਥਾਣੇ ਲੈ ਗਏ। ਯੋਗੀ ਵੀ ਨਾਲ ਹੀ ਥਾਣੇ ਗਿਆ। ਪੁੱਛ ਪੜਤਾਲ ਕਰਨ ਤੇ ਪਤਾ ਲੱਗਾ ਕਿ ਉਹ ਨੇਹਾ ਤੇ ਕੋਮਲ ਨੂੰ ਜਾਨਕਾ ਬਾਈ ਦੇ ਕੋਠੇ ਤੇ ਲੈ ਗਏ ਹਨ। ਉਸਨੇ ਦੱਸਿਆ ਕਿ ਕੋਮਲ ਨੂੰ ਲੱਭਦੇ - ਲੱਭਦੇ ਉਨ੍ਹਾਂ ਨੂੰ ਸ਼ਹਿਬਾਜ ਦੇ ਘਰ ਬਾਰੇ ਪਤਾ ਲੱਗਾ ਤੇ ਸਹੀ ਮੌਕਾ ਦੇਖ ਘਰ ਤੇ ਧਾਵਾ ਬੋਲਿਆ। ਪੁਲਿਸ ਨੇ ਉਸ ਤੋਂ ਹੋਰ ਵੀ ਲੋੜੀਦਾਂ ਜਾਣਕਾਰੀ ਲਈ ਤੇ ਕੋਮਲ ਤੇ ਨੇਹਾ ਨੂੰ ਛੁਡਾ ਕੇ ਲਿਓਣ ਦੀ ਤਿਆਰੀ ਵਿੱਚ ਲੱਗ ਗਏ।

ਜਾਨਕਾ ਬਾਈ ਦੇ ਕੋਠੇ ਦੀ ਸਭ ਨੂੰ ਖਬਰ ਸੀ। ਸ਼ਹਿਰ ਵਿੱਚ ਕੋਈ ਵੀ ਐਸਾ ਨਹੀਂ ਹੋਵੇਗਾ ਜਿਸ ਨੂੰ ਜਾਨਕਾ ਬਾਈ ਦੇ ਗੈਰ ਕਾਨੂੰਨੀ ਧੰਦਿਆਂ ਦਾ ਪਤਾ ਨਾ ਹੋਵੇ। ਜਿੰਨ੍ਹਾਂ ਵਿੱਚ ਨਸ਼ੇ ਦਾ, ਹੱਥਿਆਰਾਂ ਦਾ ਤੇ ਦੇਹ ਵਪਾਰ ਦਾ ਧੰਦਾ ਮੁੱਖ ਸੀ। ਪਰ ਉੱਚ ਅਧਿਕਾਰੀਆਂ ਤੱਕ ਪਹੁੰਚ ਹੋਣ ਕਾਰਨ ਕੋਈ ਵੀ ਜਾਨਕਾ ਬਾਈ ਨੂੰ ਹੱਥ ਪਾਉਣ ਤੋਂ ਡਰਦਾ ਸੀ। ਪਰ ਥਾਣੇਦਾਰ ਯਾਦਵਿੰਦਰ ਸਿੰਘ ਵਰਗੇ ਇਮਾਨਦਾਰ ਅਧਿਕਾਰੀਆਂ ਨੂੰ ਕਿਸੇ ਦੀ ਕੋਈ ਪਰਵਾਹ ਨਹੀਂ ਸੀ। ਉਸਨੂੰ ਜਾਨਕਾ ਬਾਈ ਦਾ ਕਿੱਤਾ ਖਤਮ ਕਰਨ ਲਈ ਗੰਭੀਰ ਦੋਸ਼ ਤੇ ਗਵਾਹ ਮਿਲ ਗਏ ਸਨ ਇਸ ਲਈ ਉਹ ਪਿੱਛੇ ਨਾ ਹਟਿਆ।

ਪੁਲਿਸ ਦੀਆਂ ਤਿੰਨ ਗੱਡੀਆਂ ਤਿਆਰ ਹੋ ਗਈਆਂ। ਥਾਣੇਦਾਰ ਨੇ ਯੋਗੀ ਨੂੰ ਨਾਲ ਚੱਲਣ ਲਈ ਕਿਹਾ ਤਾਂ ਜੋ ਕੋਮਲ ਤੇ ਨੇਹਾ ਦੀ ਪਹਿਚਾਣ ਹੋ ਸਕੇ। ਕੁਝ ਚਿਰ ਪਿੱਛੋਂ ਪੁਲਿਸ ਦੀਆਂ ਗੱਡੀਆਂ ਕੋਠੇ ਕੋਲ ਪਹੁੰਚ ਗਈਆਂ। ਉਨ੍ਹਾਂ ਜਲਦੀ ਨਾਲ ਕੋਠੇ ਨੂੰ ਚਾਰੋਂ ਪਾਸੇ ਤੋਂ ਘੇਰਾ ਪਾ ਲਿਆ। ਜਾਨਕਾ ਬਾਈ ਦੇ ਆਦਮੀ ਵੀ ਸੁਚੇਤ ਹੋ ਗਏ ਤੇ ਕੋਠੇ ਦੀ ਰਖਵਾਲੀ ਦੇ ਲਈ ਤਾਇਨਾਤ ਹੋ ਗਏ। ਜਾਨਕਾ ਬਾਈ ਨੂੰ ਖਬਰ ਲੱਗੀ ਤਾਂ ਉਸਨੇ ਕਈ ਉੱਚ ਅਧਿਕਾਰੀਆਂ ਨੂੰ ਫੋਨ ਲਾਇਆ ਤੇ ਉਨ੍ਹਾਂ ਥਾਣੇਦਾਰ ਯਾਦਵਿੰਦਰ ਸਿੰਘ ਤੇ ਦਬਾਅ ਪਾਉਣ ਦੀ ਕੋਸ਼ਿਸ ਕੀਤੀ। ਪਰ ਥਾਣੇਦਾਰ ਨੇ ਕਿਸੇ ਦੀ ਇੱਕ ਨਾ ਸੁਣੀ ਤੇ ਬਿਨਾਂ ਕਿਸੇ ਡਰ ਦੇ ਹਥਿਆਰਬੰਦ ਹਰ ਆਦਮੀ ਨੂੰ ਖਤਮ ਕਰਨ ਲਈ ਆਪਣੀ ਪੁਲਿਸ ਨੂੰ ਹੁਕਮ ਦੇ ਦਿੱਤਾ। ਪੁਲਿਸ ਨੇ ਗੋਲਾਬਾਰੀ ਕਰਨੀ ਸ਼ੁਰੂ ਕਰ ਦਿੱਤੀ ਤੇ ਕਈ ਹਥਿਆਰਬੰਦ ਆਦਮੀ ਮਾਰ ਦਿੱਤੇ। ਕਈ ਪੁਲਿਸ ਕਰਮਚਾਰੀ ਵੀ ਜਖਮੀ ਹੋਏ। ਹੌਲੀ - ਹੌਲੀ ਥਾਣੇਦਾਰ ਤੇ ਪੁਲਿਸ ਦੀ ਦਲੇਰੀ ਕਾਰਨ ਬਹੁਤੇ ਆਦਮੀ ਮਾਰੇ ਗਏ ਤੇ ਕਈ ਭੱਜ ਗਏ। ਗੋਲਾਬਾਰੀ ਕਾਰਨ ਸਭ ਲੋਕ ਲੁਕ ਗਏ। ਕੋਠੇ ਵਿਚਲੀਆਂ ਔਰਤਾਂ ਵੀ ਆਪਣੀ ਜਾਨ ਬਚਾਉਣ ਲਈ ਏਧਰ - ਓਧਰ ਭੱਜਣ ਲੱਗੀਆਂ। ਹੌਲੀ - ਹੌਲੀ ਪੁਲਿਸ ਕੋਠੇ ਅੰਦਰ ਵੜ ਗਈ। ਯੋਗੀ ਵੀ ਨਾਲ ਹੀ ਕੋਠੇ ਅੰਦਰ ਆ ਗਿਆ। ਉਹ ਨੇਹਾ ਤੇ ਕੋਮਲ ਨੂੰ ਲੱਭਣ ਲਈ ਹਰ ਕਮਰਾ ਖੋਲ੍ਹ - ਖੋਲ੍ਹ ਦੇਖਣ ਲੱਗੇ। ਜਿਸ ਕਮਰੇ ਨੂੰ ਵੀ ਖੋਲਦੇ ਅੰਦਰ ਜਾਂ ਤਾਂ ਔਰਤ ਹੁੰਦੀ ਜਾਂ ਫਿਰ ਔਰਤ ਤੇ ਆਦਮੀ। ਖੈਰ ਕੋਠੇ ਵਿੱਚ ਇਹੀ ਤਾਂ ਹੁੰਦਾ ਹੈ। ਜਿੰਨਾਂ ਕਮਰਿਆਂ ਵਿੱਚ ਹਥਿਆਰਬੰਦ ਆਦਮੀ ਸਨ ਪੁਲਿਸ ਨੇ ਉੱਥੇ ਹੀ ਮਾਰ ਸੁੱਟੇ। ਕਮਰੇ ਫੋਲਦੇ ਹੋਏ ਉਹ ਉਸ ਕਮਰੇ ਵਿੱਚ ਜਾ ਪਹੁੰਚੇ ਜਿੱਥੇ ਕੋਮਲ ਬੰਦ ਸੀ। ਬੂਹਾ ਖੋਲ੍ਹਿਆ ਤਾਂ ਕੋਮਲ ਬਾਹਰ ਆਈ ਤੇ ਯੋਗੀ ਦੇ ਗਲ ਲੱਗ ਰੋਣ ਲੱਗੀ। ਤੇ ਬੋਲੀ ਮਾਂ ਵੀ ਏਥੇ ਆ। ਯੋਗੀ ਹੈਰਾਨ ਸੀ ਕਿ ਕੋਮਲ ਬੋਲ ਰਹੀ ਸੀ। ਤੇ ਉਸਨੇ ਆਪਣੀ ਮਾਂ ਦਾ ਜ਼ਿਕਰ ਕੀਤਾ। ਉਸਨੂੰ ਕੁਝ ਸਮਝ ਨਾ ਆਇਆ। ਥਾਣੇਦਾਰ ਨੇ ਅੱਗੇ ਵਧਣ ਨੂੰ ਕਿਹਾ। ਕਮਰਿਆਂ ਦੀ ਤਲਾਸ਼ੀ ਕਰਦੇ ਉਹ ਨੇਹਾ ਦੇ ਕਮਰੇ ਕੋਲ ਜਾ ਪਹੁੰਚੇ ਜਿੱਥੇ ਨੇਹਾ ਬੰਦ ਸੀ। ਇੱਕ ਪੁਲਿਸ ਕਰਮਚਾਰੀ ਨੇ ਬੂਹਾ ਖੋਲ੍ਹਿਆ

ਤਾਂ ਅੰਦਰ ਇੱਕ ਔਰਤ ਕਮਰੇ ਦੀ ਨੁੱਕਰ ਵਿੱਚ ਬੈਠੀ ਹੋਈ ਸੀ। ਯੋਗੀ ਨੇ ਦੇਖਿਆ ਤਾਂ ਇਹ ਨੇਹਾ ਸੀ। ਗੋਲੀਆਂ ਦੀ ਅਵਾਜ਼ ਦੇ ਡਰ ਕਾਰਨ ਉਸਨੇ ਆਪਣੇ ਹੱਥ ਕੰਨਾਂ ਉੱਤੇ ਰੱਖੇ ਹੋਏ ਸਨ। ਕੋਮਲ ਭੱਜ ਕੇ ਨੇਹਾ ਕੋਲ ਗਈ ਤੇ ਕਿਹਾ..

ਕੋਮਲ - ਮਾਂ... ਮਾਂ... ਮਾਂ...

ਨੇਹਾ ਨੇ ਕੋਮਲ ਵੱਲ ਦੇਖਿਆ ਤੇ ਰੋਂਦੀ ਹੋਈ ਕੋਮਲ ਦੇ ਗਲ ਲੱਗ ਗਈ। ਦੋਨੋਂ ਰੋਣ ਲੱਗ ਪਈਆਂ। ਯੋਗੀ ਨੂੰ ਸਮਝ ਆ ਗਿਆ ਕਿ ਨੇਹਾ ਹੀ ਕੋਮਲ ਦੀ ਅਸਲ ਮਾਂ ਹੈ। ਉਹ ਉਨ੍ਹਾਂ ਕੋਲ ਗਿਆ ਤੇ ਉਠਾ ਕੇ ਓਥੋਂ ਜਲਦੀ ਨਿਕਲਣ ਨੂੰ ਕਿਹਾ। ਪੁਲਿਸ ਅੱਗੇ ਵਧੀ ਤੇ ਅਖੀਰ ਕੋਠੇ ਦੇ ਹਾਲ ਵਿੱਚ ਜਾ ਪਹੁੰਚੀ। ਜਿੱਥੇ ਜਾਨਕਾ ਬਾਈ ਦੋ ਔਰਤਾਂ ਤੇ ਕੁਝ ਹਥਿਆਰਬੰਦ ਆਦਮੀਆਂ ਸਮੇਤ ਬੈਠੀ ਹੋਈ ਸੀ। ਉਨ੍ਹਾਂ ਨੇ ਪੁਲਿਸ ਨੂੰ ਦੇਖਦੇ ਸਾਰ ਹੀ ਗੋਲਾਬਾਰੀ ਕਰਨੀ ਆਰੰਭ ਕਰ ਦਿੱਤੀ। ਜਿਸ ਦੌਰਾਨ ਇੱਕ ਗੋਲੀ ਥਾਣੇਦਾਰ ਦੇ ਮੋਢੇ ਤੇ ਜਾ ਲੱਗੀ। ਪੁਲਿਸ ਨੇ ਵੀ ਗੋਲਾਬਾਰੀ ਦਾ ਜੁਆਬ ਗੋਲਾਬਾਰੀ ਨਾਲ ਦਿੱਤਾ। ਫਿਰ ਥਾਣੇਦਾਰ ਨੇ ਬੜੀ ਦਲੇਰੀ ਨਾਲ ਇੱਕ - ਇੱਕ ਕਰ ਤਿੰਨ ਆਦਮੀਆਂ ਦੇ ਸਿਰ ਵਿੱਚ ਗੋਲੀ ਮਾਰੀ। ਨਿਸ਼ਾਨਾ ਬਿਲਕੁਲ ਸਟੀਕ ਬੈਠਾ। ਗੋਲਾਬਾਰੀ ਚੱਲਦੀ ਰਹੀ। ਜਾਨਕਾ ਬਾਈ ਨੇ ਭੱਜਣ ਦੀ ਕੋਸ਼ਿਸ ਕੀਤੀ ਤਾਂ ਇੱਕ ਪੁਲਿਸ ਮੁਲਾਜ਼ਮ ਨੇ ਗੋਲੀ ਸਿੱਧੀ ਉਸਦੀ ਪਿੱਠ ਵਿੱਚ ਦੇ ਮਾਰੀ। ਮਗਰੋਂ ਹੀ ਹੋਰਾਂ ਨੇ ਵੀ ਗੋਲੀਆਂ ਮਾਰੀਆਂ। ਜਾਨਕਾ ਬਾਈ ਨੂੰ ਛੱਲਣੀ ਕਰ ਦਿੱਤਾ। ਜਾਨਕਾ ਬਾਈ ਉੱਥੇ ਹੀ ਡਿੱਗ ਪਈ। ਉਸਨੂੰ ਡਿੱਗਦਾ ਦੇਖ ਬਾਕੀ ਭੱਜਣ ਲੱਗੇ ਪਰ ਕੋਸ਼ਿਸ ਨਾਕਾਮ ਰਹੀ। ਹੌਲੀ - ਹੌਲੀ ਸਾਰੇ ਮੌਤ ਦੀ ਨੀਂਦ ਸੌਂ ਗਏ।

ਥਾਣੇਦਾਰ ਨੇ ਹੋਰ ਵੀ ਬੰਧੀ ਬਣੀਆ ਮਾਸੂਮ ਔਰਤਾਂ ਤੇ ਕੁੜੀਆਂ ਨੂੰ ਛੁਡਾਇਆ। ਉਪਰਾਂਤ ਥਾਣੇਦਾਰ ਯੋਗੀ, ਨੇਹਾ ਤੇ ਕੋਮਲ ਨੂੰ ਕੋਠੇ ਤੋਂ ਬਾਹਰ ਲੈ ਆਇਆ ਤੇ ਸੁਰੱਖਿਅਤ ਘਰ ਪਹੁੰਚਾਇਆ। ਉਨ੍ਹਾਂ ਦੇ ਨਿਗਰਾਨੀ ਲਈ ਕੁਝ ਪੁਲਿਸ ਮੁਲਾਜ਼ਮ ਤਾਇਨਾਤ ਕਰ ਦਿੱਤੇ। ਕੋਠਾ ਬੰਦ ਕਰ ਦਿੱਤਾ ਗਿਆ ਤੇ ਉੱਥੇ ਕੰਮ ਕਰਨ ਵਾਲਿਆਂ ਸਭ ਨੂੰ ਪੁਲਿਸ ਹਿਰਾਸਤ ਵਿੱਚ ਲੈ ਲਿਆ ਗਿਆ। ਇਹ ਸਾਰਾ ਮਾਮਲਾ ਅਦਾਲਤ ਸਾਹਮਣੇ ਪੇਸ਼ ਹੋਇਆ। ਜਿਸ ਵਿੱਚ ਥਾਣੇਦਾਰ ਨੇ ਪੂਰੀ ਇਮਾਨਦਾਰੀ ਨਾਲ ਭੂਮਿਕਾ ਨਿਭਾਈ ਤੇ ਯੋਗੀ, ਨੇਹਾ ਤੇ ਹੋਰ ਬੇ-ਗੁਨਾਹ ਔਰਤਾ ਨੇ ਗਵਾਹੀ ਭਰੀ। ਨੇਹਾ ਨੇ ਉਸ ਨਾਲ ਹੋਏ ਜੁਲਮਾਂ ਬਾਰੇ ਅਦਾਲਤ ਨੂੰ ਦੱਸਿਆ। ਉਸਨੇ ਸ਼ਹਿਬਾਜ ਦੇ ਪਰਿਵਾਰ ਦੀ ਕੁਰਬਾਨੀ ਤੇ ਵੀ ਚਾਨਣਾ ਪਾਇਆ। ਜਿਸ ਕਾਰਨ ਕੇਸ ਨੇਹਾ ਦੇ ਹੱਕ ਵਿੱਚ ਰਿਹਾ। ਹੌਲੀ - ਹੌਲੀ ਮਾਮਲਾ ਠੰਡਾ ਹੁੰਦਾ ਗਿਆ। ਯੋਗੀ, ਨੇਹਾ ਤੇ ਕੋਮਲ ਨਾਲ ਬਹੁਤ ਸਮਾਂ ਸ਼ਹਿਬਾਜ ਘਰ ਹੀ ਰਿਹਾ। ਕੋਮਲ ਨੇ ਨੇਹਾ ਨੂੰ ਦੱਸਿਆ ਕਿ ਉਸਦਾ ਅਸਲ ਨਾਮ ਕੋਮਲ ਨਹੀਂ ਬਲਕਿ ਕਾਜਲ ਹੈ। ਸਮਾਂ ਬੀਤਣ ਬਾਅਦ ਯੋਗੀ ਨੇ ਉੱਥੇ ਰਹਿਣਾ ਠੀਕ ਨਾ ਸਮਝਿਆ ਤੇ ਨੇਹਾ ਤੇ ਕੋਮਲ ਸਮੇਤ ਸ਼ਹਿਬਾਜ ਦਾ ਘਰ ਛੱਡ ਉੱਥੋ ਚਲੇ ਗਏ।

ਲੋਕ ਕਹਿੰਦੇ ਨੇ ਇਨਸਾਫ਼ ਕਦੇ ਕਿਸੇ ਦੇ ਹਿੱਸੇ ਨਹੀਂ ਆਉਂਦਾ। ਤੇ ਜਿੰਨਾਂ ਦੇ ਹਿੱਸੇ ਆਉਂਦਾ ਹੈ ਉਹ ਕਰਮੀ - ਭਾਗੀ ਹੁੰਦੇ ਹਨ। ਕਈ ਵਾਰ ਤਾਂ ਇਨਸਾਫ਼ ਸਮਾਂ ਲੰਘ ਜਾਣ ਤੇ ਨਸੀਬ ਹੁੰਦਾ ਜਦੋਂ ਉਸਦੀ ਲੋੜ ਹੋਣੀ ਨਾ ਹੋਣੀ ਇੱਕ ਬਰਾਬਰ ਹੋ ਜਾਂਦੀ ਹੈ। ਤੇ ਮੈਂ ਸਮਝਦਾ ਹਾਂ ਇਹ ਕਾਫੀ ਹੱਦ ਤੱਕ ਸਹੀ ਵੀ ਹੈ। ਦੇਖਿਆ ਜਾਵੇ ਤਾਂ ਅਜਿਹਾ ਕਿਉਂ ਹੈ? ਕੀ ਇਸ ਵਿੱਚ ਸਿਰਫ ਪ੍ਰਸ਼ਾਸਨ ਦਾ ਹੱਥ ਹੈ ਜਾਂ ਫਿਰ ਮਨੁੱਖੀ ਵਰਤਾਰਾ ਵੀ ਓਨੀ ਹੀ ਭੂਮਿਕਾ ਨਿਭਾਉਂਦਾ ਹੈ। ਅਸੀਂ ਕਿਸੇ ਤੇ

ਟਿੱਪਣੀ ਨਹੀਂ ਕਰ ਸਕਦੇ ਕਿਉਂਕਿ ਅਸੀਂ ਖੁੱਦ ਬਾਰੇ ਜਾਣਦੇ ਹਾਂ ਕਿ ਅਸੀਂ ਮਨੁੱਖਤਾਂ ਦੀ ਭਲਾਈ ਲਈ ਕੀ ਕਦਮ ਪੁੱਟ ਰਹੇ ਹਾਂ। ਕਿਸੇ ਦੇ ਘਰ ਬਲਬ ਜਗਦਾ ਹੋਵੇ ਜਾਂ ਬੁਝਿਆ ਹੋਵੇ ਸਾਨੂੰ ਉਸ ਨਾਲ ਕੋਈ ਫਰਕ ਨਹੀਂ, ਬਸ ਸਾਡੇ ਘਰ ਦਾ ਬਲਬ ਜਗਮਗਾ ਰਿਹਾ ਹੈ ਇਹੀ ਦਿਲਾਸਾ ਕਾਫੀ ਹੈ। ਪਰ ਕਿੰਨੀ ਦੇਰ ਤੱਕ? ਦਿਲਾਸੇ ਤਾਂ ਬਹੁਤੀ ਦੇਰ ਤੱਕ ਕੰਮ ਨਹੀਂ ਆਉਂਦੇ। ਇਨਸਾਨ ਨੂੰ ਆਪਣੇ ਫਰਜਾਂ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਮੈਨੂੰ ਅਕਸਰ ਬਾਬਾ ਜੀ ਦੀ ਗੱਲ ਚੇਤੇ ਆਉਂਦੀ ਹੈ ਉਹ ਆਖਦੇ ਨੇ ਕਿ ਇਹ ਨਾ ਦੇਖੋ ਕੇ ਕੋਈ ਤੁਹਾਨੂੰ ਕੀ ਦੇ ਰਿਹਾ ਹੈ। ਸਗੋਂ ਇਸ ਵੱਲ ਧਿਆਨ ਦਿਓ ਕਿ ਤੁਸੀਂ ਕਿਸੇ ਨੂੰ ਕੀ ਦੇ ਰਹੇ ਹੋ। ਕਿਸੇ ਤੋਂ ਲੈਣ ਦੀ ਉਮੀਦ ਛੱਡਕੇ ਅਗਰ ਦੇਣ ਦਾ ਹੁਨਰ ਅਪਣਾਓਗੇਂ ਤਾਂ ਹੀ ਤੁਹਾਨੂੰ ਖੁੱਦ ਤੇ ਮਾਣ ਹੋਵੇਗਾ ਕਿ ਤੁਸੀਂ ਇਨਸਾਨ ਹੋ ਤੇ ਇਨਸਾਨੀਅਤ ਦੀ ਭਾਵਨਾ ਰੱਖਦੇ ਹੋ। ਜਿਸ ਦਿਨ ਅਸੀਂ ਇਨਸਾਨ ਬਣ ਜਾਵਾਂਗੇ ਉਸ ਦਿਨ ਤੋਂ ਇਨਸਾਫ਼ ਦੀ ਉਮੀਦ ਵਧ ਜਾਵੇਗੀ।

ਯੋਗੀ ਦੀ ਇਨਸਾਨੀਅਤ ਦੀ ਭਾਵਨਾ ਨੇ ਦੋ ਮਾਂਵਾਂ - ਧੀਆਂ ਮਿਲਾ ਦਿੱਤਾ। ਜਿਸ ਵਿੱਚ ਸ਼ਹਿਬਾਜ ਦੇ ਪਰਿਵਾਰ ਦੀ ਕੁਰਬਾਨੀ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਥਾਣੇਦਾਰ ਦੀ ਇਮਾਨਦਾਰੀ ਕਾਰਨ ਜਾਨਕਾ ਬਾਈ ਦਾ ਪਰਦਾ ਫਾਸ਼ ਹੋ ਗਿਆ। ਇਨ੍ਹਾਂ ਸਭ ਦੇ ਇਨਸਾਨੀ ਭਾਵ ਕਾਰਨ ਹੀ ਹੋਰ ਕਈ ਮਾਸੂਮ ਕੁੜੀਆਂ ਦੀ ਜਿੰਦਗੀ ਤਬਾਹ ਹੋਣ ਤੋਂ ਬੱਚ ਗਈ। ਕਿਸੇ ਇੱਕ ਨਾਲ ਵੀ ਖੂਨ ਦਾ ਰਿਸ਼ਤਾ ਨਾ ਹੁੰਦੇ ਹੋਏ ਵੀ ਉਨ੍ਹਾਂ ਇੱਕ ਦੂਜੇ ਦੇ ਦੁੱਖ ਨੂੰ ਸਮਝਿਆ ਤੇ ਜਾਨ ਦੀ ਪਰਵਾਹ ਕੀਤੇ ਬਗੈਰ ਇਨਸਾਫ਼ ਵੱਲ ਕਦਮ ਪੁੱਟਦੇ ਰਹੇ। ਭਾਵੇਂ ਇਹ ਕਹਾਣੀ ਦਾ ਆਖਰੀ ਭਾਗ ਹੈ ਪਰ ਕੋਈ ਵੀ ਕਹਾਣੀ ਖਤਮ ਨਹੀਂ ਹੁੰਦੀ। ਜਿਵੇਂ ਕਹਾਵਤ ਹੈ ਕਿ ਕਿਸੇ ਦੇ ਮਰਨ ਕਾਰਨ ਮੱਸਿਆ ਲੱਗਣੋ ਨੀ ਹੱਟ ਜਾਣੀ। ਓਵੇਂ ਹੀ ਮੇਰੇ ਕਹਿਣ ਤੇ ਕਹਾਣੀ ਖਤਮ ਨਹੀਂ ਹੋਈ। ਉਹ ਚੱਲ ਰਹੀ ਹੈ। ਉਹ ਕਿਸੇ ਨਾ ਕਿਸੇ ਰੂਪ ਵਿੱਚ ਚੱਲਦੀ ਰਹਿੰਦੀ ਹੈ। ਜਿਵੇਂ ਦੁਨੀਆਂ ਚੱਲ ਰਹੀ ਹੈ।

**ਪ੍ਰੀਤ ਸਿੰਘ ਭੈਣੀ**

**9779324826**

(ਇਸ ਕਹਾਣੀ ਤੇ ਵਿਚਾਰ ਕਰਨ ਲਈ, ਹੋਰ ਕਹਾਣੀਆਂ ਪੜਨ ਲਈ ਜਾਂ ਇਸਦੇ ਪਿਛਲੇ ਭਾਗ ਪੜਨ ਲਈ ਤੁਸੀਂ ਮੈਨੂੰ ਫੋਨ ਜਾਂ ਵੱਟਸਐੱਪ ਕਰ ਸਕਦੇ ਹੋ।)

Instagram

@preet.bhaini

@preet_di_shayari

**To read more story books of Preet Singh Bhaini visit on below link**
**http://punjabilibrary.com/authors/preet-singh-bhaini/**

**www.Punjablibrary.com**